ਸੇਵਾ ਵਿਖੇ, ਮਿਤੀ: ....................

ਉਪ ਮੰਡਲ ਮੈਜਿਸਟਰੇਟ,
ਖਮਾਣੋਂ

ਵਿਸ਼ਾ:- ਸ਼ਹਿਰ ਵਿੱਚ ਬਣੀਆ ਪੱਕੀਆਂ ਪਿੱਟਾਂ/ਗਲੀਆਂ ਦਾ ਪਾਣੀ ਦਾਣਾ ਮੰਡੀ ਵਿੱਚ ਬਣੇ ਐਸ.ਟੀ.ਪੀ. ਪਲਾਂਟ ਵਿੱਚ ਪਾਉਣ ਸਬੰਧੀ।

ਹਵਾਲਾ:- ਵਾਤਾਵਰਨ ਇੰਜੀਨੀਅਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਪਟਿਆਲਾ ਜੀ ਦੇ ਦਫਤਰ ਦੇ Show cause notice u/s 25/26 for violations of provisions of water (Prevention & Control of pollution) Act, 1974 ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਬੇਨਤੀ ਹੈ ਕਿ ਨਗਰ ਪੰਚਾਇਤ ਖਮਾਣੋਂ ਵਿਖੇ ਸੀਵਰੇਜ ਨਹੀਂ ਹੈ। ਸ਼ਹਿਰ ਦੇ ਘਰਾਂ ਵਿਚ ਗੰਦੇ ਪਾਣੀ ਨਿਕਾਸੀ ਲਈ ਸ਼ੁਰੂ ਤੋਂ ਹੀ ਪੱਕੀਆਂ ਗਲੀਆਂ (ਪਿੱਟਾਂ) ਬਣਾਈਆ ਹੋਈਆ ਹਨ ਜਿਹਨਾਂ ਵਿੱਚ ਗੰਦਾ ਪਾਣੀ ਜਮਾਂ ਹੋ ਜਾਂਦਾ ਹੈ ਜਾ ਨਗਰ ਟੈਂਕਰ ਦੀ ਮੱਦਦ ਨਾਲ ਇਹ ਪਾਣੀ ਕੱਢਿਆ ਜਾਂਦਾ ਹੈ ਅਤੇ ਪਲਾਟਾਂ/ਖਾਲੀ ਥਾਵਾਂ ਵਿੱਚ ਪਾ ਦਿੱਤਾ ਜਾਂਦਾ ਹੈ। ਜਿਸ ਤੋਂ ਇਲਾਵਾ ਜਦੋਂ ਤੱਕ ਸੀਵਰੇਜ ਨਹੀਂ ਪੈ ਜਾਂਦਾ ਉਦੋਂ ਤੱਕ ਇਸ ਗੰਦੇ ਪਾਣੀ ਦੀ ਨਿਕਾਸੀ ਦਾ ਕੋਈ ਹੋਰ ਤਰੀਕਾ ਨਹੀਂ ਹੈ।

ਕਾਰਜਕਾਰੀ ਇੰਜੀਨੀਅਰ, ਪੰਜਾਬ ਜਲ ਅਤੇ ਸੀਵਰੇਜ ਮੰਡਲ ਨੰ:2 ਪਟਿਆਲਾ ਜੀ ਦੇ ਦਫਤਰ ਦੇ ਪੱਤਰ ਨੰ:ਪਸਮਸਬ-24/5159 ਮਿਤੀ 05.07.2019 ਨੂੰ ਸੂਚਿਤ ਕੀਤੇ ਹੋਏ ਇਸ ਦਫਤਰ ਵੱਲੋਂ ਐਸ.ਟੀ.ਪੀ. ਲਗਾਉਣ ਲਈ ਦੇ ਰੋਕ ਜਗ੍ਹਾ ਦੀ ਖਰੀਦ ਕਰਨ ਲਈ 30 ਦਿਨਾਂ ਦਾ ਪਬਲਿਕ ਨੋਟਿਸ ਦੇ ਆਧਾਰ ਤੇ ਵਿਚ ਜਾਰੀ ਕੀਤਾ ਜਾ ਚੁੱਕਾ ਹੈ ਜੋ ਕਿ ਮਿਤੀ 02.08.19 ਨੂੰ ਰੋਜ਼ਾਨਾ ਅਜੀਤ ਅਤੇ ਮਿਤੀ 03.08.19 ਨੂੰ ਹਿੰਦੁਸਤਾਨ ਟਾਈਮਜ਼ ਵਿੱਚ ਛਪ ਚੁੱਕਾ ਹੈ ਅਤੇ ਐਸ.ਟੀ.ਪੀ.ਪਲਾਂਟ ਲਗਾਉਣ ਲਈ ਜਗ੍ਹਾ ਦੇਣ ਸਬੰਧੀ ਉਕਤ ਪਬਲਿਕ ਨੋਟਿਸ ਦੀ ਮਿਆਦ ਮਿਤੀ 01.09.2019 ਨੂੰ ਖਤਮ ਹੋ ਰਹੀ ਹੈ। ਐਸ.ਟੀ.ਪੀ.ਪਲਾਂਟ ਲਗਾਉਣ ਲਈ ਜਗ੍ਹਾ ਦੇਣ ਸਬੰਧੀ ਹੁਣ ਤੱਕ ਇੱਕ ਦਰਖਾਸਤ ਇਸ ਦਫਤਰ ਵਿਖੇ ਪ੍ਰਾਪਤ ਹੋ ਚੁੱਕੀ ਹੈ।

ਮਿਤੀ 16.08.2019 ਨੂੰ ਵਾਤਾਵਰਣ ਇੰਜੀਨੀਅਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਪਟਿਆਲਾ ਜੀ ਦੇ ਦਫਤਰ ਵਿਖੇ Show cause notice ਦੀ ਸੁਣਵਾਈ ਦੌਰਾਨ ਆਦੇਸ਼ ਪ੍ਰਾਪਤ ਹੋਏ ਹਨ ਕਿ ਇਸ ਗੰਦੇ ਪਾਣੀ ਦੀ ਸਮੱਸਿਆ ਦਾ ਹੱਲ ਕੀਤਾ ਜਾਵੇ। ਇਸ ਸਬੰਧੀ ਧਿਆਨਯੋਗ ਹੈ ਕਿ ਪਹਿਲਾ ਵੀ ਇਸ ਦਫਤਰ ਦੇ ਪੱਤਰ ਨੰ:253 ਮਿਤੀ 12.02.18 ਰਾਹੀ ਆਪ ਜੀ ਨੂੰ ਬੇਨਤੀ ਕੀਤੀ ਗਈ ਸੀ ਕਿ ਇਸ ਪਾਣੀ ਨੂੰ ਦਾਣਾ ਮੰਡੀ ਖਮਾਣੋਂ ਵਿਖੇ ਬਣੇ ਐਸ.ਟੀ.ਪੀ.ਪਲਾਂਟ ਵਿੱਚ ਪਾਉਣ ਦੀ ਪ੍ਰਵਾਨਗੀ ਪਬਲਿਕ ਹਿੱਤ ਵਿੱਚ ਸਕੱਤਰ, ਮਾਰਕਿਟ ਕਮੇਟੀ ਤੋਂ ਦਿਵਾਉਣ ਦੀ ਕ੍ਰਿਪਾਲਤਾ ਕੀਤੀ ਜਾਵੇ, ਤਾਂ ਜੋ ਇਸ ਪਾਣੀ ਨੂੰ ਸਹੀ ਥਾਂ ਤੇ ਸੁੱਟਿਆ ਜਾ ਸਕੇ, ਪ੍ਰੰਤੂ ਸਕੱਤਰ ਮਾਰਕਿਟ ਕਮੇਟੀ ਖਮਾਣੋਂ ਵੱਲੋਂ ਆਪਣੇ ਦਫਤਰ ਦੇ ਪੱਤਰ ਨੰ: 393 ਮਿਤੀ 09.04.18 ਰਾਹੀਂ ਇਹ ਇਜਾਜ਼ਤ/ਪ੍ਰਵਾਨਗੀ ਨਹੀਂ ਦਿੱਤੀ ਗਈ ਹੈ ਅਤੇ ਲਿਖਿਆ ਗਿਆ ਹੈ ਕਿ ਮੁੱਖ ਮੰਡੀ ਵਿੱਚ ਬਣੇ ਐਸ.ਟੀ.ਪੀ.ਪਲਾਂਟ ਦੀ ਕਪੈਸਿਟੀ ਮੰਡੀ ਮੁਤਾਬਿਕ ਹੀ ਹੈ ਅਤੇ ਇਸ ਵਿੱਚ ਬਾਹਰ ਤੋਂ ਕਿਸੇ ਜਗ੍ਹਾ ਦੇ ਪਾਣੀ ਪਾਉਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ ਹੈ।

ਪ੍ਰੰਤੂ ਹੁਣ ਕਾਰਜਕਾਰੀ ਇੰਜੀਨੀਅਰ, ਪੰਜਾਬ ਜਲ ਅਤੇ ਸੀਵਰੇਜ ਮੰਡਲ ਨੰ:2 ਪਟਿਆਲਾ ਜੀ ਦੇ ਦਫਤਰ ਤੋਂ ਪ੍ਰਾਪਤ ਹੋਏ ਆਦੇਸ਼ਾ ਨੂੰ ਮੁੱਖ ਰੱਖਦੇ ਹੋਏ ਮੁੜ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸਬੰਧੀ ਮਾਨਯੋਗ ਡਿਪਟੀ ਕਮਿਸ਼ਨਰ, ਫਤਿਹਗੜ੍ਹ ਸਾਹਿਬ ਜੀ ਦੇ ਧਿਆਨਹਿੱਤ ਵਿੱਚ ਲਿਆ ਕੇ ਉਹਨਾਂ ਦੀ ਪ੍ਰਧਾਨਗੀ ਹੇਠ ਇਸ ਸਬੰਧੀ ਮੀਟਿੰਗ ਬੁਲਾ ਕੇ ਮਾਰਕਿਟ ਕਮੇਟੀ ਖਮਾਣੋਂ ਤੋਂ ਬਣਦੀ ਪ੍ਰਵਾਨਗੀ ਦਿਵਾਉਣ ਦੀ ਕ੍ਰਿਪਾਲਤਾ ਕੀਤੀ ਜਾਵੇ, ਤਾ ਜੋ ਗੰਦੇ ਪਾਣੀ ਦੀ ਡਿਸਪੋਜ਼ਲ ਸਬੰਧੀ ਕਾਰਵਾਈ ਕੀਤੀ ਜਾ ਸਕੇ ਜੀ।

ਸਹੀ/-
ਕਾਰਜ ਸਾਧਕ ਅਫਸਰ,
ਨਗਰ ਪੰਚਾਇਤ ਖਮਾਣੋਂ।
ਮਿਤੀ: 19.8.19

ਪਿੱਠ ਅੰਕਣ ਨੰ:ਨ.ਪ.ਖ/2018/ 1719

ਉਪਰੋਕਤ ਦਾ ਇੱਕ ਉਤਾਰਾ ਨਿਮਨਲਿਖਤ ਅਨੁਸਾਰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ:-

1) ਮਾਨਯੋਗ ਪ੍ਰਮੁੱਖ ਸਕੱਤਰ, ਸਥਾਨਕ ਸਰਕਾਰ ਪੰਜਾਬ, ਚੰਡੀਗੜ੍ਹ।
2) ਮਾਨਯੋਗ ਡਾਇਰੈਕਟਰ,ਸਥਾਨਕ ਸਰਕਾਰ ਪੰਜਾਬ, ਚੰਡੀਗੜ੍ਹ।
3) ਮਾਨਯੋਗ ਡਿਪਟੀ ਕਮਿਸ਼ਨਰ,ਫਤਿਹਗੜ੍ਹ ਸਾਹਿਬ।

ਕਾਰਜ ਸਾਧਕ ਅਫਸਰ,
ਨਗਰ ਪੰਚਾਇਤ ਖਮਾਣੋਂ।

---

ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ
ਪਲਾਟ ਨੰ. 1-ਸੀ, ਸੈਕਟਰ 27-ਏ, ਚੰਡੀਗੜ੍ਹ ।

ਪਿੱਠ ਅੰਕਣ ਨੰ. ਪਬਜਸਬ-2019/ਵ-3/ 2090 ਮਿਤੀ 11/9/19

ਉਪਰੋਕਤ ਦੀ ਨਕਲ ਮੁੱਖ ਇੰਜੀਨੀਅਰ(ਪੂਰਬ), ਪੰਜਾਬ ਜਲ ਅਤੇ ਸੀਵਰੇਜ ਬੋਰਡ, ਪਟਿਆਲਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਵਿਸ਼ੇ ਅੰਕਿਤ ਮਾਮਲੇ ਨੂੰ ਵਾਚਦੇ ਇਸ ਸਬੰਧੀ ਲੋੜੀਂਦੀ ਕਾਰਵਾਈ ਕਰਦੇ ਹੋਏ ਇਸ ਦਫਤਰ ਨੂੰ ਵੀ ਦਿੱਤਾ ਜਾਵੇ ਕਿ ਉਕਤ ਵਿਸ਼ੇ ਅੰਕਿਤ ਕੇਸ ਤੇ ਲੋੜੀਂਦੀ ਕਾਰਵਾਈ ਕਰਦੇ ਹੋਏ ਇਸ ਦਫਤਰ ਨੂੰ ਵੀ ਸੂਚਿਤ ਕੀਤਾ ਜਾਵੇ।

ਕਾਰਜਕਾਰੀ ਇੰਜੀਨੀਅਰ (ਵੰ)